ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਹਲਕਾ ਲਹਿਰਾਗਾਗਾ ਦੇ ਭਾਰੀ ਬਰਸਾਤ ਤੇ ਹੜ੍ਹ ਵਰਗੇ ਹਾਲਾਤ ਨਾਲ ਪ੍ਰਭਾਵਿਤ 280 ਲੋਕਾਂ ਨੂੰ ਕਰੀਬ 1.02 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ

ਖੋਖਰ

ਲਹਿਰਾਗਾਗਾ, 13 ਨਵੰਬਰ : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਹਿੱਤਾਂ ਦੀ ਰੱਖਿਆ ਅਤੇ ਉਨ੍ਹਾਂ ਦੀ ਆਰਥਿਕ ਸੁਰੱਖਿਆ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਨੂੰ ਅੱਗੇ ਵਧਾਉਂਦਿਆਂ, ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਲਹਿਰਾ ਗਾਗਾ ਵਿਖੇ ਇੱਕ ਵਿਸ਼ਾਲ ਸਮਾਗਮ ਦੌਰਾਨ ਭਾਰੀ ਬਰਸਾਤ ਤੇ ਹੜ੍ਹ ਵਰਗੇ ਹਾਲਾਤ ਨਾਲ ਪ੍ਰਭਾਵਿਤ 280 ਵਿਅਕਤੀਆਂ ਨੂੰ ਕਰੀਬ 01 ਕਰੋੜ 02 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਸੌਂਪੇ।

ਸ਼੍ਰੀ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਜਾਂ ਭਾਰੀ ਬਰਸਾਤ ਕਾਰਨ ਪ੍ਰਭਾਵਿਤ ਕਿਸੇ ਵੀ ਵਿਅਕਤੀ ਦੀ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਕਿਸੇ ਨੂੰ ਵੀ ਮੁਆਵਜ਼ੇ ਲਈ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਸਰਕਾਰ ਪੂਰੇ ਨਿਸ਼ਚੇ ਨਾਲ ਇਹ ਯਕੀਨੀ ਬਣਾ ਰਹੀ ਹੈ ਕਿ ਨੁਕਸਾਨ ਦੇ ਸਰਵੇਖਣ ਤੋਂ ਬਾਅਦ ਮੁਆਵਜ਼ਾ ਰਾਸ਼ੀ ਸਿੱਧੇ ਪ੍ਰਭਾਵਿਤ ਲੋਕਾਂ ਦੇ ਖਾਤਿਆਂ ਵਿੱਚ ਬਿਨਾਂ ਕਿਸੇ ਦੇਰੀ ਦੇ ਜਮ ?ਹਾਂ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਕਿਸਾਨ ਪੰਜਾਬ ਦੀ ਰੀੜ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਖੁਸ਼ਹਾਲੀ ਹੀ ਸੂਬੇ ਦੀ ਤਰੱਕੀ ਦਾ ਮੂਲ ਹੈ। ਸਰਕਾਰ ਵੱਲੋਂ ਕਿਸਾਨਾਂ ਦੀ ਭਲਾਈ ਲਈ ਕਈ ਪੱਧਰਾਂ 'ਤੇ ਕੰਮ ਕੀਤਾ ਜਾ ਰਿਹਾ ਹੈ — ਚਾਹੇ ਉਹ ਨਵੇਂ ਸਿੰਚਾਈ ਪ੍ਰੋਜੈਕਟ ਹੋਣ, ਘੱਗਰ ਦਰਿਆ ਦੇ ਕੰਢਿਆਂ ਦੀ ਮਜ਼ਬੂਤੀ ਹੋਵੇ ਜਾਂ ਕਿਸਾਨੀ ਨਾਲ ਜੁੜੇ ਢਾਂਚਾਗਤ ਸੁਧਾਰ।

ਸ਼੍ਰੀ ਗੋਇਲ ਨੇ ਦੱਸਿਆ ਕਿ ਹਲਕਾ ਲਹਿਰਾਗਾਗਾ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ, ਜਿਸ ਵਿੱਚ ਸੜਕਾਂ ਦੀ ਕਾਇਆ ਕਲਪ, ਪਾਣੀ ਨਿਕਾਸ ਪ੍ਰਣਾਲੀ ਦਾ ਸੁਧਾਰ ਅਤੇ ਖੇਤੀ ਨਾਲ ਜੁੜੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪ੍ਰਾਥਮਿਕਤਾ ਹੈ ਕਿ ਹਰ ਯੋਗ ਲਾਭਪਾਤਰੀ ਤਕ ਸਰਕਾਰੀ ਯੋਜਨਾਵਾਂ ਦੇ ਲਾਭ ਪਹੁੰਚਣ। ਇਸ ਮੌਕੇ ਮੁਆਵਜ਼ਾ ਲੈਣ ਆਏ ਕਿਸਾਨਾਂ ਨੇ ਪੰਜਾਬ ਸਰਕਾਰ ਦੇ ਇਸ ਤੇਜ਼ ਅਤੇ ਪਾਰਦਰਸ਼ੀ ਕਾਰਜ ਪ੍ਰਣਾਲੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਘੱਗਰ ਦਰਿਆ ਦੇ ਪ੍ਰਭਾਵ ਹੇਠ ਆਉਂਦੇ ਮੂਨਕ ਖੇਤਰ ਦੇ ਕਈ ਪਿੰਡਾਂ ਨੂੰ ਇਸ ਵਾਰ ਸਰਕਾਰ ਦੇ ਉਪਰਾਲਿਆਂ ਕਾਰਨ ਵੱਡੇ ਨੁਕਸਾਨ ਤੋਂ ਬਚਾਉਣ ਵਿੱਚ ਸਫਲਤਾ ਮਿਲੀ ਹੈ।

ਕਿਸਾਨਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਕਿਸਾਨ-ਪ੍ਰੇਮੀ ਸੋਚ ਅਤੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੀ ਸਮਰਪਿਤ ਕੋਸ਼ਿਸ਼ਾਂ ਸਦਕਾ, ਸਰਕਾਰ ਕਿਸਾਨੀ ਸੈਕਟਰ ਨੂੰ ਮਜ਼ਬੂਤ ਕਰਨ ਵੱਲ ਪੱਕੇ ਕਦਮ ਚੁੱਕ ਰਹੀ ਹੈ।

ਇਸ ਮੌਕੇ ਐਸ ਡੀ ਐਮ ਸੂਬਾ ਸਿੰਘ, ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਦੇ ਪੁੱਤਰ ਸ਼੍ਰੀ ਗੌਰਵ ਗੋਇਲ ਸਮੇਤ ਵੱਖ-ਵੱਖ ਅਧਿਕਾਰੀ, ਵੱਖ ਵੱਖ ਅਹੁਦੇਦਾਰ ਅਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਤੇ ਸ਼ਹਿਰ ਵਾਸੀ ਹਾਜ਼ਰ ਸਨ।

ਟਰਾਈਡੈਂਟ ਗਰੁੱਪ ਦੇ ਮੈਗਾ ਮੈਡੀਕਲ ਕੈਂਪ 'ਚ ਮਾਹਰ ਡਾਕਟਰਾਂ ਨੇ ਦੱਸੇ ਤੰਦਰੁਸਤ ਰਹਿਣ ਦੇ ਨੁਕਤੇ

ਤੀਜੇ ਪੜਾਅ ਦੇ ਦੂਜੇ ਦਿਨ ਕੈਂਪ 'ਚ ਵੱਡੀ ਗਿਣਤੀ 'ਚ ਪੁੱਜੇ ਮਰੀਜ਼ਾਂ ਨੇ ਕਰਵਾਇਆ ਇਲਾਜ

ਧਰਮਪਾਲ ਸਿੰਘ, ਬਲਜੀਤ ਕੌਰ

ਬਰਨਾਲਾ, 13 ਨਵੰਬਰ : ਟਰਾਈਡੈਂਟ ਗਰੁੱਪ ਦੁਆਰਾ 29 ਅਕਤੂਬਰ ਨੂੰ ਸ਼ੁਰੂ ਕੀਤੇ ਗਏ 'ਫਰੀ ਮੈਗਾ ਮੈਡੀਕਲ ਕੈਂਪ 2025' ਦੇ 13 ਨਵੰਬਰ ਨੂੰ ਤੀਜੇ ਪੜ੍ਹਾਅ ਦੇ ਦੂਜੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਮਰੀਜ਼ਾਂ ਨੇ ਜਿੱਥੇ ਸੀ.ਐੱਸ.ਪੀ. ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰਾਂ ਤੋਂ ਇਲਾਜ਼ ਕਰਵਾ ਮੁਫ਼ਤ 'ਚ ਦਵਾਈਆਂ ਹਾਸਲ ਕੀਤੀਆਂ, ਉੱਥੇ ਹੀ ਟਰਾਈਡੈਂਟ ਗਰੁੱਪ ਵੱਲੋਂ ਕੀਤੇ ਜਾ ਰਹੇ ਇਸ ਨੇਕ ਉਪਰਾਲੇ ਲਈ ਗਰੁੱਪ ਦੇ ਸੰਸਥਾਪਕ ਅਤੇ ਰਾਜ ਸਭਾ ਮੈਂਬਰ ਪਦਮਸ਼੍ਰੀ ਰਾਜਿੰਦਰ ਗੁਪਤਾ, ਸੀ.ਐੱਸ.ਆਰ. ਹੈੱਡ ਮੈਡਮ ਮਧੂ ਗੁਪਤਾ ਅਤੇ ਸੀ.ਐਕਸ.ਓ. ਸ਼੍ਰੀ ਅਭਿਸ਼ੇਕ ਗੁਪਤਾ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਲੋਕਾਂ ਨੇ ਟਰਾਈਡੈਂਟ ਗਰੁੱਪ ਦੀ ਤਰੱਕੀ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਅਜਿਹੇ ਕਾਰਜ ਲਗਾਤਾਰ ਜਾਰੀ ਰੱਖਣ ਦੀ ਉਮੀਦ ਪ੍ਰਗਟਾਈ। ਕੈਂਪ ਵਿੱਚ ਟਰਾਈਡੈਂਟ ਗਰੁੱਪ ਦੇ ਸਟਾਫ਼ ਮੈਂਬਰ ਕੈਂਪ ਇੰਚਾਰਜ ਪਵਨ ਸਿੰਗਲਾ, ਚਰਨਜੀਤ ਸਿੰਘ, ਇੰਸ. ਤਰਸੇਮ ਸਿੰਘ, ਜਗਰਾਜ ਪੰਡੋਰੀ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਰੀਚਾ ਪ੍ਰਭਾਕਰ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ, ਚਰਨਜੀਤ ਸਿੰਘ ਅਤੇ ਨਰਿੰਦਰ ਸਿੰਘ ਮਰੀਜ਼ਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ ਤਾਂ ਜੋ ਕਿਸੇ ਨੂੰ ਵੀ ਕੋਈ ਪਰੇਸ਼ਾਨੀ ਪੇਸ਼ ਨਾ ਆਵੇ।

- ਮਾਹਰ ਡਾਕਟਰਾਂ ਨੇ ਦੱਸੇ ਤੰਦਰੁਸਤ ਰਹਿਣ ਦੇ ਨੁਕਤੇ

ਕੈਂਪ ਦੌਰਾਨ ਮਰੀਜ਼ਾਂ ਦਾ ਇਲਾਜ਼ ਕਰ ਰਹੇ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰਾਂ ਨੇ ਮਰੀਜ਼ਾਂ ਨਾਲ ਤੰਦਰੁਸਤ ਰਹਿਣ ਦੇ ਆਮ ਨੁਕਤੇ ਵੀ ਸਾਂਝੇ ਕੀਤੇ। ਇਸ ਮੌਕੇ ਡਾ. ਸ਼ਰੌਨ ਅਠਵਾਲ ਐੱਮ.ਡੀ. ਮੈਡੀਸਨ ਨੇ ਕਿਹਾ ਕਿ ਕੈਂਪ 'ਚ ਸਾਹਮਣੇ ਆਇਆ ਕਿ ਜ਼ਿਆਦਾਤਰ ਮਰੀਜ਼ਾਂ ਨੂੰ ਸ਼ੂਗਰ ਤੇ ਬੀ.ਪੀ. ਦੀ ਸਮੱਸਿਆ ਤੋਂ ਪੀੜ੍ਹਤ ਹਨ। ਜਿਸ 'ਤੇ ਸ਼ੁਰੂਆਤੀ ਸਮੇਂ ਦੌਰਾਨ ਹੀ ਕੰਟਰੋਲ ਨਾ ਕਰਨ ਕਾਰਨ ਮਰੀਜ਼ਾਂ ਨੂੰ ਹੋਰ ਗੰਭੀਰ ਬਿਮਾਰੀਆਂ ਵੀ ਘੇਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬੀਪੀ ਅਤੇ ਸ਼ੂਗਰ ਦੀ ਸ਼ੁਰੂਆਤ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ। ਸ਼ੂਗਰ ਦੇ ਮਰੀਜ਼ ਨੂੰ ਜ਼ਿਆਦਾ ਪਿਆਸ ਲੱਗਣੀ, ਵਾਰ-ਵਾਰ ਪਿਸ਼ਾਬ ਆਉਣਾ (ਖਾਸ ਕਰਕੇ ਰਾਤ ਨੂੰ), ਥਕਾਵਟ ਅਤੇ ਭਾਰ ਘਟਣਾ ਮੁੱਖ ਲੱਛਣ ਹੋ ਸਕਦੇ ਹਨ, ਜਦੋਂ ਕਿ ਬੀਪੀ ਦੀ ਸਮੱਸਿਆ ਜ਼ਿਆਦਾਤਰ ਮਾਮਲਿਆਂ ਵਿੱਚ ਕੋਈ ਸਪੱਸ਼ਟ ਲੱਛਣ ਨਹੀਂ ਦਿਖਾਉਂਦੀ, ਜਿਸ ਕਾਰਨ ਇਸ ਨੂੰ 'ਸਾਈਲੈਂਟ ਕਿੱਲਰ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਨਿਯਮਤ ਕਸਰਤ ਕਰਨਾ, ਫਾਸਟ ਫੂਡ ਤੋਂ ਪਰਹੇਜ਼, ਸੰਤੁਲਿਤ ਅਤੇ ਘੱਟ ਨਮਕ ਵਾਲੀ ਖੁਰਾਕ ਲੈਣਾ, ਤਣਾਅ ਤੋਂ ਮੁਕਤ ਰਹਿਣਾ ਅਤੇ ਸਭ ਤੋਂ ਜ਼ਰੂਰੀ ਸਮੇਂ-ਸਮੇਂ 'ਤੇ ਸਿਹਤ ਦੀ ਜਾਂਚ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਖਾਸ ਤੌਰ 'ਤੇ ਤੰਬਾਕੂਨੋਸ਼ੀ ਅਤੇ ਜ਼ਿਆਦਾ ਚੀਨੀ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰਨ ਅਤੇ ਆਪਣੇ ਭਾਰ 'ਤੇ ਕੰਟਰੋਲ ਰੱਖਣ ਦੀ ਸਲਾਹ ਦਿੱਤੀ।

- ਬੱਚਿਆਂ ਨੂੰ ਡੇਂਗੂ ਅਤੇ ਖੰਘ-ਜ਼ੁਕਾਮ ਤੋਂ ਬਚਾਉਣ ਲਈ ਵਰਤੋਂ ਜ਼ਰੂਰੀ ਸਾਵਧਾਨੀਆਂ : ਡਾ. ਜੌਰਜ਼ ਜੋਸਫ਼

ਕੈਂਪ ਦੌਰਾਨ ਬੱਚਿਆਂ ਦੇ ਮਾਹਰ ਡਾਕਟਰ ਜੌਰਜ਼ ਜੋਸਫ਼ ਨੇ ਮੌਜੂਦਾ ਮੌਸਮ ਵਿੱਚ ਬੱਚਿਆਂ ਨੂੰ ਡੇਂਗੂ ਅਤੇ ਖੰਘ-ਜ਼ੁਕਾਮ ਤੋਂ ਬਚਾਉਣ ਲਈ ਮਾਪਿਆਂ ਨੂੰ ਕਈ ਜ਼ਰੂਰੀ ਸਾਵਧਾਨੀਆਂ ਦੱਸੀਆਂ। ਉਨ੍ਹਾਂ ਸਲਾਹ ਦਿੱਤੀ ਕਿ ਡੇਂਗੂ ਫੈਲਾਉਣ ਵਾਲੇ ਮੱਛਰਾਂ ਦੇ ਪ੍ਰਜਨਨ ਨੂੰ ਰੋਕਣ ਲਈ ਘਰਾਂ ਦੇ ਆਲੇ-ਦੁਆਲੇ, ਗਮਲਿਆਂ ਜਾਂ ਬਰਤਨਾਂ ਵਿੱਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਬੱਚਿਆਂ ਨੂੰ ਮੱਛਰਾਂ ਦੇ ਕੱਟਣ ਤੋਂ ਬਚਾਉਣ ਲਈ ਪੂਰੇ ਕੱਪੜੇ ਪਹਿਨਾਉਣੇ ਅਤੇ ਮੱਛਰ ਭਜਾਉਣ ਵਾਲੇ ਉਪਾਅ ਕਰਨੇ ਜ਼ਰੂਰੀ ਹਨ। ਖੰਘ-ਜ਼ੁਕਾਮ ਤੋਂ ਬਚਣ ਲਈ ਇਮਿਊਨਿਟੀ ਵਧਾਉਣ ਵਾਲੇ ਘਰੇਲੂ ਨੁਸਖੇ ਜਿਵੇਂ ਕਿ ਹਲਦੀ ਵਾਲਾ ਦੁੱਧ, ਭਾਫ਼ ਲੈਣਾ ਅਤੇ ਤੁਲਸੀ ਦੀ ਵਰਤੋਂ, ਮਾਸਕ ਪਹਿਨਾਕੇ ਰੱਖਣ, ਠੰਡੀਆਂ ਤੇ ਤਲੀਆਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਡਾਕਟਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਕਿਸੇ ਵੀ ਬਿਮਾਰੀ ਦੇ ਲੱਛਣਾਂ ਦੀ ਸ਼ੁਰੂਆਤ ਹੁੰਦਿਆਂ ਹੀ ਸਵੈ-ਦਵਾਈ ਦੀ ਬਜਾਏ ਮਾਹਰ ਡਾਕਟਰ ਨਾਲ ਸਲਾਹ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਬੱਚੇ ਨੂੰ ਕੋਈ ਵੀ ਬਿਮਾਰੀ ਹੈ ਤਾਂ ਸੀ.ਐੱਮ.ਸੀ. ਵੱਲੋਂ ਟਰਾਈਡੈਂਟ ਗਰੁੱਪ ਦੇ ਸਹਿਯੋਗ ਨਾਲ ਬਰਨਾਲਾ 'ਚ ਕੈਂਪ ਚੱਲ ਰਿਹਾ ਹੈ, ਜੋ ਕਿ 5 ਦਸੰਬਰ ਤੱਕ ਜਾਰੀ ਰਹੇਗਾ, ਇੱਥੇ ਬੱਚਿਆਂ ਦੀ ਜਾਂਚ ਜ਼ਰੂਰ ਕਰਵਾਓ। ਗੁਪਤਾ ਜੀ ਦਾ ਦੇਣ ਨਹੀਂ ਦੇ ਸਕਦੇ : ਮਰੀਜ਼

ਵੀਰਵਾਰ ਨੂੰ ਕੈਂਪ ਦੌਰਾਨ ਵੱਡੀ ਗਿਣਤੀ 'ਚ ਪੁੱਜੇ ਮਰੀਜ਼ਾਂ ਨੇ ਜਾਂਚ ਕਰਵਾਉਂਦਿਆਂ ਦਵਾਈਆਂ ਹਾਸਲ ਕੀਤੀਆਂ। ਕੈਂਪ 'ਚ ਪੁੱਜੀ 66 ਸਾਲਾਂ ਬਜ਼ੁਰਗ ਨਸੀਬ ਕੌਰ, ਖੁੱਡੀ ਖੁਰਦ ਤੋਂ ਪੁੱਜੇ ਬਜ਼ੁਰਗ ਨਛੱਤਰ ਸਿੰਘ, ਵਿਕਾਸ ਚੰਦਰ, ਪਿੰਡ ਚੀਮਾ ਤੋਂ ਪੁੱਜੇ ਬਜ਼ੁਰਗ ਨਾਹਰ ਸਿੰਘ, ਪਰਮਜੀਤ ਕੌਰ ਨੇ ਆਪਣਾ ਚੈੱਕਅੱਪ ਕਰਵਾਉਣ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਟਰਾਈਡੈਂਟ ਗਰੁੱਪ ਵੱਲੋਂ ਲਗਾਇਆ ਗਿਆ ਇਹ ਹੈ ਸੱਚਮੁੱਚ ਹੀ ਸਾਡੇ ਲਈ ਬਹੁਤ ਫਾਇਦੇਮੰਦ ਸਾਬਤ ਹੋਇਆ ਹੈ, ਕਿਉਂਕਿ ਸੀ.ਐੱਮ.ਸੀ. ਲੁਧਿਆਣਾ ਵਰਗੇ ਵੱਡੇ ਹਸਪਤਾਲ ਸਾਡੀ ਪਹੁੰਚ ਤੋਂ ਕੋਹਾਂ ਦੂਰ ਸਨ। ਪਰ ਪਦਮਸ਼੍ਰੀ ਰਜਿੰਦਰ ਗੁਪਤਾ ਜੀ ਦੇ ਇਸ ਨੇਕ ਉਪਰਾਲੇ ਸਦਕਾ ਸਾਨੂੰ ਸਾਡੇ ਸ਼ਹਿਰ 'ਚ ਹੀ ਇਹ ਸਹੂਲਤਾਂ ਪ੍ਰਾਪਤ ਹੋ ਗਈਆਂ, ਜਿਸ ਲਈ ਅਸੀਂ ਗੁਪਤਾ ਜੀ ਦਾ ਕਦੇ ਦੇਣ ਨਹੀਂ ਦੇ ਸਕਦੇ।

ਪਬਲਿਕ ਨੋਟਿਸ

ਸਨਮੁਖ ਡਾ. ਇਦਰ ਜੀਤ, ਐਚਸੀਐਸ, ਜੁਆਇੰਟ ਕਮੀਸ਼ਨਰ-2, ਮਿਉਂਸਪਲ ਕਾਰਪੋਰੇਸ਼ਨ, ਚੰਡੀਗੜ੍ਹ

ਵਿਸ਼ਾ : ਮਕਾਨ ਨੰ. 49, ਸ਼ਿਵਾਲਿਕ ਇਨਕਲੇਵ, ਐਨਏਸੀ, ਮਨੀਮਾਜਰਾ, ਯੂਟੀ, ਚੰਡੀਗੜ੍ਹ ਦੇ 16.67 ਫੀਸਦੀ ਹਿੱਸੇ ਦੀ ਤਬਦੀਲੀ ਸਵ. ਸ੍ਰੀਮਤੀ ਕੁਲਵੰਤ ਕੌਰ ਦੀ ਬਿਨਾ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਕਰਨ ਸਬੰਧੀ।

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਰਿਕਾਰਡ ਮੁਤਾਬਕ ਮਕਾਨ ਨੰ. 49, ਸ਼ਿਵਾਲਿਕ ਇਨਕਲੇਵ, ਐਨਏਸੀ, ਮਨੀਮਾਜਰਾ, ਯੂਟੀ, ਚੰਡੀਗੜ੍ਹ ਦਾ 16.67 ਫੀਸਦੀ ਹਿੱਸਾ ਸ੍ਰੀਮਤੀ ਕੁਲਵੰਤ ਕੌਰ ਪਤਨੀ ਸਵ. ਸ੍ਰੀ ਬਲਵੰਤ ਸਿੰਘ ਦੇ ਨਾਂ ਹੈ।

ਸ੍ਰੀ ਪਰਮਿੰਦਰ ਸਿੰਘ ਪੁੱਤਰ ਸਵ. ਸ੍ਰੀ ਸੁਖਵਿੰਦਰ ਸਿੰਘ ਨੇ ਦਸਿਆ ਹੈ ਕਿ ਸ੍ਰੀਮਤੀ ਕੁਲਵੰਤ ਕੌਰ ਪਤਨੀ ਸਵ. ਸ੍ਰੀ ਬਲਵੰਤ ਸਿੰਘ ਦੀ ਮੌਤ ਮਿਤੀ 20.10.2016 ਨੂੰ ਹੋ ਚੁੱਕੀ ਹੈ ਅਤੇ ਉਨਾਂ ਨੇ ਬਿਨਾ ਰਜਿਸਟਰਡ ਵਸੀਅਤ ਮਿਤੀ 02.02.2015 ਰਾਹੀਂ ਤਹਿਰੀਰ ਕੀਤੀ ਜਿਸ ਰਾਹੀਂ ਆਪਣਾ ਹਿੱਸਾ ਜੋ ਕਿ 16.67 ਫੀਸਦੀ ਸ੍ਰੀ ਪਰਮਿੰਦਰ ਸਿੰਘ ਪੁੱਤਰ ਸਵ. ਸ੍ਰੀ ਸੁਖਵਿੰਦਰ ਸਿੰਘ ਦੇ ਪੱਖ ਵਿਚ ਤਹਰੀਰ ਕੀਤਾ ਹੈ ਜਿਸ ਨੇ ਮਕਾਨ ਨੰ. 49, ਸ਼ਿਵਾਲਿਕ ਇਨਕਲੇਵ, ਐਨਏਸੀ, ਮਨੀਮਾਜਰਾ, ਯੂਟੀ, ਚੰਡੀਗੜ੍ਹ ਦੇ 16.67 ਫੀਸਦੀ ਹਿੱਸੇ ਦੇ ਮਾਲਕਾਨਾ ਹੱਕ ਬਿਨਾ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਆਪਣੇ ਪੱਖ ਵਿੱਚ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇਤਰਾਜ਼ ਹੈ ਜਾਂ ਇਸ ਸਬੰਧ ਵਿਚ ਕਿਸੇ ਸਮਰਥ ਅਦਾਲਤ ਦੁਆਰਾ ਜਾਰੀ ਹੁਕਮ ਜੋ ਵੀ ਲਾਗੂ ਹੋਵੇ, ਬਾਰੇ ਜਾਣਕਾਰੀ ਹੈ ਤਾਂ ਉਹ ਲਿਖ਼ਤੀ ਤੌਰ 'ਤੇ ਸਬੰਧਤ ਦਸਤਾਵੇਜਾਂ ਦੇ ਨਾਲ ਕਮਰਾ ਨੰ 111, ਪਹਿਲੀ ਮੰਜਿਲ, ਨਿਊ ਡਿਲੈਕਸ ਬਿਲਡਿੰਗ, ਮਿਉਂਸਪਲ ਕਾਰਪੋਰੇਸ਼ਨ ਸੈਕਟਰ 17 ਚੰਡੀਗੜ੍ਹ ਦੇ ਦਫ਼ਤਰ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਭੇਜ ਸਕਦਾ ਹੈ। ਅਜਿਹਾ ਨਾ ਹੋਣ 'ਤੇ ਉਪਰੋਕਤ ਜਾਇਦਾਦ ਦੇ ਮਾਲਕਾਨਾ ਹੱਕ ਦੀ ਤਬਦੀਲੀ ਇਸ ਅਨੁਸਾਰ ਕਰ ਦਿੱਤੀ ਜਾਵੇਗੀ ਅਤੇ ਇਸ ਉਪਰੰਤ ਕਿਸੇ ਦਾਅਵੇ ਨੂੰ ਮੰਨਿਆ ਨਹੀਂ ਜਾਵੇਗਾ।

ਡਾ. ਇਦਰ ਜੀਤ, ਐਚਸੀਐਸ, ਜੁਆਇੰਟ ਕਮੀਸ਼ਨਰ-2, ਮਿਉਂਸਪਲ ਕਾਰਪੋਰੇਸ਼ਨ, ਚੰਡੀਗੜ੍ਹ।

ਪਬਲਿਕ ਨੋਟਿਸ

ਸਨਮੁਖ ਡਾ. ਇਦਰ ਜੀਤ, ਐਚਸੀਐਸ, ਜੁਆਇੰਟ ਕਮੀਸ਼ਨਰ-2, ਮਿਉਂਸਪਲ ਕਾਰਪੋਰੇਸ਼ਨ, ਚੰਡੀਗੜ੍ਹ

ਵਿਸ਼ਾ : ਮਕਾਨ ਨੰ. 49, ਸ਼ਿਵਾਲਿਕ ਇਨਕਲੇਵ, ਐਨਏਸੀ, ਮਨੀਮਾਜਰਾ, ਯੂਟੀ, ਚੰਡੀਗੜ੍ਹ ਦਾ 16.67 ਫੀਸਦੀ ਹਿੱਸਾ ਸ੍ਰੀਮਤੀ ਜੋਗਿੰਦਰ ਕੌਰ ਦੀ ਬਿਨਾ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਤਬਦੀਲ ਕਰਨ ਸਬੰਧੀ।

ਆਮ ਜਨ ਸਧਾਰਨ ਤੇ ਸਾਰੇ ਸਬੰਧੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਰਿਕਾਰਡ ਮੁਤਾਬਕ ਮਕਾਨ ਨੰ. 49, ਸ਼ਿਵਾਲਿਕ ਇਨਕਲੇਵ, ਐਨਏਸੀ, ਮਨੀਮਾਜਰਾ, ਯੂਟੀ, ਚੰਡੀਗੜ੍ਹ ਦਾ 16.67 ਫੀਸਦੀ ਹਿੱਸਾ ਸ੍ਰੀਮਤੀ ਜੋਗਿੰਦਰ ਕੌਰ ਦੇ ਨਾਂ ਹੈ।

ਸ੍ਰੀ ਅਜੈਬ ਸਿੰਘ ਪੁੱਤਰ ਸਵ. ਸ੍ਰੀ ਅਵਤਾਰ ਸਿੰਘ ਨੇ ਦਸ